# ਪੰਜਾਬ ਸਕੂਲ ਸਿੱਖਿਆ ਬੋਰਡ

## ਨਮੂਨੇ ਦਾ ਪ੍ਰਸ਼ਨ ਪੱਤਰ, ਮਾਰਚ 2024

ਜਮਾਤ: ਅੱਠਵੀਂ

ਪੰਜਾਬੀ (ਦੂਜੀ ਭਾਸ਼ਾ)

ਸਮਾਂ- ਤਿੰਨ ਘੰਟੇ | ਕੁੱਲ ਅੰਕ: 80

**ਨੋਟ:** ਸਾਫ਼ ਅਤੇ ਸਪਸ਼ਟ ਲਿਖਿਆ ਜਾਵੇ। ਸਾਫ਼ ਤੇ ਸ਼ੁੱਧ ਲਿਖਾਈ ਲਈ 5 ਅੰਕ ਹਨ।
ਪ੍ਰਸ਼ਨ ਨੰਬਰ ਤੇ ਉਪ-ਭਾਗ ਨੰਬਰ ਸਹੀ ਲਿਖੇ ਜਾਣ। ਪ੍ਰਸ਼ਨ ਦੇ ਉਪ-ਭਾਗਾਂ ਨੂੰ ਇਕੱਠੇ ਹੀ ਹੱਲ ਕੀਤਾ ਜਾਵੇ।

ਪ੍ਰਸ਼ਨ ਨੰ. 1: ਹੇਠ ਲਿਖੇ ਪੈਰੇ ਨੂੰ ਧਿਆਨ ਨਾਲ਼ ਪੜ੍ਹੋ ਅਤੇ ਉਸ ਵਿੱਚੋਂ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ: 5X1=5

ਸ਼ਹੀਦ ਰਾਜਗੁਰੂ ਦਾ ਜਨਮ 24 ਅਗਸਤ, 1908 ਨੂੰ ਪਿੰਡ ਖੇੜਾ (ਮਹਾਂਰਾਸ਼ਟਰ) ਵਿੱਚ ਹੋਇਆ। ਰਾਜਗੁਰੂ ਦਾ ਪੂਰਾ ਨਾਂ ਸ਼ਿਵ ਰਾਮ ਰਾਜਗੁਰੂ ਸੀ। ਰਾਜਗੁਰੂ ਦੇ ਪਿਤਾ ਹਰੀ ਨਰਾਇਣ ਰਾਜਗੁਰੂ ਪੂਨਾ ਦੇ ਨੇੜੇ ਪਿੰਡ ਚਾਕਨ ਦੇ ਵਾਸੀ ਸਨ। ਜੀਵਨ ਨਿਰਬਾਹ ਲਈ ਕੰਮ ਦੀ ਤਲਾਸ਼ ਵਿੱਚ ਉਹ ਪੂਨਾ ਦੇ ਕੋਲ਼ ਹੀ ਇੱਕ ਪਿੰਡ ਖੇੜਾ ਵਿੱਚ ਵੱਸ ਗਏ। ਰਾਜਗੁਰੂ ਛੇ ਸਾਲ ਦੇ ਸਨ ਜਦੋਂ ਉਹਨਾਂ ਦੇ ਪਿਤਾ ਸੁਰਗਵਾਸ ਹੋ ਗਏ। ਉਹਨਾਂ ਨੂੰ ਵੱਡੇ ਭਰਾ ਦਿਨਕਰ ਹਰੀ ਰਾਜਗੁਰੂ ਨੇ ਪਾਲ਼ਿਆ। ਰਾਜਗੁਰੂ ਨੂੰ ਇੱਕ ਮਰਾਠੀ ਸਕੂਲ ਵਿੱਚ ਪੜ੍ਹਨ ਪਾਇਆ ਗਿਆ ਪਰ ਉਸ ਦਾ ਮਨ ਪੜ੍ਹਾਈ ਵਿੱਚ ਨਹੀਂ ਲੱਗਦਾ ਸੀ। ਉਹ ਖੇਡ ਕੇ ਸਮਾਂ ਬਿਤਾਉਂਦੇ ਸਨ। ਵੱਡਾ ਭਰਾ ਦਿਨਕਰ ਨੌਕਰੀ ਕਰਦਾ ਸੀ। ਉਹ ਰਾਜਗੁਰੂ ਨੂੰ ਪੜ੍ਹਨ ਲਈ ਪ੍ਰੇਰਦਾ ਰਹਿੰਦਾ ਪਰ ਰਾਜਗੁਰੂ ਦੀ ਪੜ੍ਹਾਈ ਵਿੱਚ ਬਿਲਕੁਲ ਰੁਚੀ ਨਹੀਂ ਸੀ । ਇਸ ਕਾਰਨ ਇੱਕ ਦਿਨ ਵੱਡੇ ਭਰਾ ਨੇ ਰਾਜਗੁਰੂ ਨੂੰ ਪੜ੍ਹਾਈ 'ਚ ਮਨ ਲਾਉਣ ਲਈ ਜ਼ੋਰ ਪਾਇਆ। ਰਾਜਗੁਰੂ ਨੂੰ ਖੇਡ ਤੋਂ ਬਿਨਾਂ ਕੋਈ ਹੋਰ ਗੱਲ ਨਹੀਂ ਭਾਉਂਦੀ ਸੀ। ਇਸ ਕਾਰਨ ਉਹ ਵੱਡੇ ਭਰਾ ਨਾਲ਼ ਨਰਾਜ਼ ਹੋ ਗਏ।

1924 ਈ: ਦੀ ਗੱਲ ਹੈ। ਇੱਕ ਦਿਨ ਰਾਜਗੁਰੂ ਵੱਡੇ ਭਰਾ ਨੂੰ ਦੱਸਣ ਤੋਂ ਬਿਨਾਂ ਹੀ ਘਰ ਤੋਂ ਨਿਕਲ਼ ਤੁਰੇ। ਉਸ ਸਮੇਂ ਉਸ ਕੋਲ ਸਿਰਫ਼ ਨੌਂ ਪੈਸੇ ਸਨ। ਉਹ ਨਾਸਿਕ, ਕਾਨਪੁਰ ਘੁੰਮਦੇ-ਘੁੰਮਦੇ ਭੁੱਖੇ-ਤ੍ਰਿਹਾਏ ਪੰਦਰ੍ਹਾਂ ਦਿਨਾਂ ਵਿੱਚ ਕਾਂਸੀ ਪਹੁੰਚ ਗਏ। ਕੁਝ ਦਿਨ ਉਹਨਾਂ ਨੇ ਅਹਿਲਿਆ ਘਾਟ 'ਤੇ ਕੱਟੇ। ਫਿਰ ਇੱਕ ਸੰਸਕ੍ਰਿਤ ਸਕੂਲ ਵਿੱਚ ਦਾਖ਼ਲ ਹੋ ਗਏ। ਸਕੂਲ ਵਿੱਚ ਦਾਖ਼ਲਾ ਲੈ ਕੇ ਰਾਜਗੁਰੂ ਨੇ ਵੱਡੇ ਭਰਾ ਨੂੰ ਇਸ ਬਾਰੇ ਖ਼ਤ ਲਿਖ ਦਿੱਤਾ। ਭਰਾ ਨੇ ਰਾਜਗੁਰੂ ਨੂੰ ਫ਼ੀਸ ਲਈ ਪੰਜ ਰੁਪਏ ਮਹੀਨਾ ਭੇਜਣੇ ਸ਼ੁਰੂ ਕਰ ਦਿੱਤੇ। ਪੜ੍ਹਾਈ ਤੇ ਰਹਾਇਸ਼ ਦੇ ਖ਼ਰਚੇ ਲਈ ਪੰਜ

(A) ਸ਼ਹੀਦ ਰਾਜਗੁਰੂ ਕਿਹੜੇ ਸੰਨ ਵਿੱਚ ਬਿਨਾਂ ਦੱਸੇ ਘਰ ਤੋਂ ਨਿਕਲ ਤੁਰੇ ?

(i) 1923 ਈ. (ii) 1924 ਈ. (iii) 1925 ਈ. (iv) 1926 ਈ.

(B) ਰਾਜਗੁਰੂ ਦੇ ਭਰਾ ਨੇ ਸਕੂਲ ਦੀ ਫੀਸ ਲਈ ਕਿੰਨੇ ਰੁਪਏ ਭੇਜਣੇ ਸ਼ੁਰੂ ਕਰ ਦਿੱਤੇ ?

(i) ਨੌਂ ਪੈਸੇ (ii) ਦੋ ਰੁਪਏ ਮਹੀਨਾ (iii) ਚਾਰ ਰੁਪਏ ਮਹੀਨਾ (iv)ਪੰਜ ਰੁਪਏ ਮਹੀਨਾ

(C) ਘਰ ਛੱਡਣ ਤੋਂ ਬਾਅਦ ਰਾਜਗੁਰੂ ਨੇ ਕਿਹੜੇ ਸਕੂਲ ਵਿੱਚ ਦਾਖ਼ਲਾ ਲਿਆ ?

(i) ਸੰਸਕ੍ਰਿਤ ਸਕੂਲ (ii) ਡੀ.ਏ.ਵੀ. ਸਕੂਲ (iii) ਖ਼ਾਲਸਾ ਸਕੂਲ (iv) ਮਿਊਂਸੀਪਲ ਸਕੂਲ

(D) ਰਾਜਗੁਰੂ ਦਾ ਪੂਰਾ ਨਾਂ ਕੀ ਸੀ ?

(i) ਰਾਮ ਸ਼ਿਵ ਰਾਜਗੁਰੂ (ii) ਸ਼ਿਵ ਰਾਮ ਰਾਜਗੁਰੂ (iii) ਰਾਜਗੁਰੂ ਸ਼ਿਵ ਰਾਮ (iv) ਦਿਨਕਰ ਰਾਜਗੁਰੂ

(E) ਜਦੋਂ ਰਾਜਗੁਰੂ ਦੇ ਪਿਤਾ ਜੀ ਸੁਰਗਵਾਸ ਹੋਏ ਤਾਂ ਉਨ੍ਹਾਂ ਦੀ ਉਮਰ ਕਿੰਨੀ ਸੀ ?

(i) ਛੇ ਮਹੀਨੇ (ii) ਪੰਜ ਸਾਲ (iii) ਛੇ ਸਾਲ (iv) ਸੱਤ ਸਾਲ

Downloaded from cclchapter.com

ਪ੍ਰਸ਼ਨ ਨੰ. 2: (I) ਹੇਠਾਂ ਦਿੱਤੇ ਹੋਏ ਕਾਵਿ-ਟੋਟਿਆਂ ਵਿੱਚੋਂ ਕਿਸੇ ਇੱਕ ਦੇ ਭਾਵ-ਅਰਥ ਸਪਸ਼ਟ ਕਰੋ: 4+4X1=8

ਕਿੰਨਾ ਹੈ ਵਿਸਾਖੀ ਵਾਲਾ ਮੇਲਾ ਭਰਿਆ,
ਜਾਏ ਨਾ ਬਜ਼ਾਰਾਂ ਵਿੱਚ ਪੈਰ ਧਰਿਆ।
ਲੱਡੂਆਂ-ਜਲੇਬੀਆਂ ਦੇ ਭਰੇ ਥਾਲ ਨੇ,
ਖਾਣ ਦੇ ਸ਼ੁਕੀਨ ਖੜ੍ਹੇ ਬੰਨ ਪਾਲ ਨੇ।
ਟੋਲੀਆਂ ਬਣਾਈਆਂ ਵੱਖੋ-ਵੱਖ ਮੇਲੀਆਂ,
ਸੋਭਦੇ ਨੇ ਮੇਲੇ ਸਦਾ ਨਾਲ ਬੇਲੀਆਂ।

ਜਾਂ

ਸਾਡਾ ਸਭ ਦੁੱਖ ਜਾਣਦੇ,
ਰੁੱਖ ਬੋਲ ਨਾ ਸਕਦੇ।
ਬੰਦਾ ਛਾਂਵੇ ਬੈਠਣ ਆਵੇ,
ਇਨ੍ਹਾਂ ਨੂੰ ਹੀ ਛਾਂਗੀ ਜਾਵੇ।
ਨਾ ਬੋਲਣ ਨਾ ਕੂਕਣ ਫਿਰ ਵੀ,
ਭਾਂਵੇ ਸਭ ਕੁਝ ਜਾਣਦੇ।
ਪਰ ਬੋਲ ਨਾ ਸਕਦੇ।

(II) ਉਪਰੋਕਤ ਕਾਵਿ-ਟੋਟਿਆਂ ਦੇ ਆਧਾਰ ’ਤੇ ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:

(F) ਲੱਡੂਆਂ-ਜਲੇਬੀਆਂ ਨਾਲ ਕੀ ਭਰੇ ਹਨ ?

(i) ਥਾਲ (ii) ਡੱਬੇ (iii) ਪਰਾਤ

(G) ਮੇਲੇ ਸਦਾ ਕਿਨ੍ਹਾਂ ਨਾਲ ਸੋਭਦੇ ਹਨ ?

(i) ਭੀੜ (ii) ਪੁਲਿਸ (iii)ਬੇਲੀਆਂ

(H) ਬੰਦਾ ਕਿਨ੍ਹਾਂ ਨੂੰ ਛਾਂਗ ਰਿਹਾ ਹੈ ?

(i) ਪੱਥਰਾਂ (ii) ਰੁੱਖਾਂ (iii) ਪਹਾੜਾਂ

(I) ਰੁੱਖ ਸਭ ਕੁਝ ਜਾਣਦੇ ਹੋਏ ਵੀ ਕੀ ਨਹੀਂ ਕਰ ਸਕਦੇ ?

(i) ਬੋਲ (ii) ਹਿੱਲ (iii) ਵੱਧ

ਪ੍ਰਸ਼ਨ ਨੰ. 3: **(I)** ਨਿਮਨਲਿਖਿਤ ਪ੍ਰਸ਼ਨਾਂ ਵਿੱਚੋਂ ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ ਸੰਖੇਪ ਸ਼ਬਦਾਂ ਵਿੱਚ ਦਿਓ: 4X2=8

(J) ਸਹਿਜ ਦਾ ਨਾਨਕੇ ਜਾਣ ਦਾ ਸਾਰਾ ਚਾਅ ਕਿਉਂ ਮੱਠਾ ਪੈ ਗਿਆ ਸੀ ?
(K) ਪੰਜਾਬ ਦੀਆਂ ਹੋਰ ਕਿਹੜੀਆਂ-ਕਿਹੜੀਆਂ ਖੇਡਾਂ ਹਨ ?
(L) ਰਿਧਿਮਾ ਟਿਫ਼ਨ ਵਿੱਚ ਬਿਸਕੁਟ ਕਿਉਂ ਲੈ ਕੇ ਆਈ ਸੀ ?
(M) ਕਿਹੜੀ ਗੱਲ ਦਿਲਜੀਤ ਦੇ ਮਨ ਨੂੰ ਦੁਖੀ ਕਰਦੀ ਸੀ ?
(N) ਓਜ਼ੋਨ ਪਰਤ ਦਾ ਘਾਣ ਕਿਸ ਤਰ੍ਹਾਂ ਹੋਇਆ ਹੈ ?

Downloaded from cclchapter.com

(II) ਅੱਗੇ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਪੰਜ ਦੇ ਉੱਤਰ ਦਿੱਤੇ ਗਏ ਵਿਕਲਪਾਂ ਵਿੱਚੋਂ ਚੁਣ ਕੇ ਲਿਖੋ : 5X1=5

(O) ਯੋਗਰਾਜ ਕਿਸ ਵਿਸ਼ੇ ਦੇ ਅਧਿਆਪਕ ਸਨ ?

(i) ਸਮਾਜਿਕ ਸਿੱਖਿਆ (ii) ਅੰਗਰੇਜ਼ੀ (iii) ਗਣਿਤ

(P) ਲੋਕਾਂ ਨੂੰ ਮਾਸਟਰ ਬੁੱਧ ਸਿੰਘ ਕੋਲ ਕਿਹੜੀ ਚੀਜ਼ ਹੋਣ ਦਾ ਸ਼ੱਕ ਸੀ ?

(i)ਬਹੁਤ ਪੈਸਾ (ii)ਵਿੱਦਿਆ (iii)ਗਿੱਦੜ-ਸਿੰਗੀ

(Q) ਇੱਕ ਕਲੋਨੀ ਵਿੱਚ ਸ਼ਹਿਦ ਦੀਆਂ ਮੱਖੀਆਂ ਦੀ ਲਗ-ਪਗ ਕਿੰਨੀ ਗਿਣਤੀ ਹੁੰਦੀ ਹੈ ?

(i)ਪੰਜ ਸੌ (ii)ਸੱਤ ਸੌ (iii)ਕਈ ਹਜ਼ਾਰ

(R) ਸਕੂਲ ਦੇ ਮੈਦਾਨ ਵਿੱਚ ਪਾਣੀ ਕਿਸ ਨੇ ਛੱਡਿਆ?

(i)ਬੱਚਿਆਂ ਨੇ (ii)ਅਧਿਆਪਕਾਂ ਨੇ (iii)ਮਾਲੀ ਨੇ

(S) ਅੱਜ ਦੇ ਛੋਟੇ ਬੱਚੇ ਲਈ ਕਿਹੜਾ ਪੰਛੀ ਅਣਡਿੱਠ ਹੋ ਰਿਹਾ ਹੈ?

(i)ਚਿੜੀ (ii)ਕਾਂ (iii)ਕਬੂਤਰ

(T) ਈਦ ਕਿੰਨੇ ਰੋਜ਼ਿਆਂ ਬਾਅਦ ਆਈ ਸੀ?

(i)ਪੰਦਰਾਂ (ii)ਵੀਹ (iii)ਤੀਹ

ਪ੍ਰਸ਼ਨ ਨੰ. 4: ਅੱਗੇ ਲਿਖੇ ਵਾਕਾਂ ਨੂੰ ਧਿਆਨ ਨਾਲ਼ ਪੜ੍ਹੋ ਅਤੇ ਦਿੱਤੇ ਗਏ ਵਿਕਲਪਾਂ ਵਿੱਚੋਂ ਸ਼ਬਦ ਚੁਣ ਕੇ ਕੋਈ ਪੰਜ ਖਾਲੀ ਸਥਾਨ ਭਰੋ: 4X1=4

(ਪ੍ਰੋਗਰਾਮ, ਜੂਨ, ਅੱਧੀ ਮੁਲਾਕਾਤ, ਗੈੱਸਟ-ਹਾਊਸ)

(U) ਸਕੂਲ ਵਿੱਚ .............. ਮਹੀਨੇ ਛੁੱਟੀਆਂ ਹੋ ਗਈਆਂ ਸਨ।

(V) ਚਿੱਠੀ ਨੂੰ .................. ਮੰਨਿਆ ਜਾਂਦਾ ਸੀ।

(W) ਹੋਟਲਾਂ ਤੋਂ ਇਲਾਵਾ ਇੱਥੇ ਰਹਿਣ ਲਈ ਕਈ ....................... ਵੀ ਮੌਜੂਦ ਹਨ।

(X) ਭਗਤ ਸਿੰਘ ਵੱਲੋਂ ਅਸੈਂਬਲੀ ਵਿੱਚ ਬੰਬ ਸੁੱਟਣ ਦਾ ................. ਉਲੀਕਿਆ ਗਿਆ।

ਪ੍ਰਸ਼ਨ ਨੰ. 5: ਨਿਮਨਲਿਖਿਤ ਕਿਸੇ ਚਾਰ ਵਾਕਾਂ ਵਿੱਚੋਂ; ਵਾਕ ਦੇ ਸਾਹਮਣੇ ਪੁੱਛੇ ਗਏ ਅਨੁਸਾਰ ਸ਼ਬਦਾਂ ਦੀ ਪਛਾਣ ਕਰਕੇ ਲਿਖੋ: 4X1=4

(Y) ਹਾਮਿਦ ਨੇ ਕਿਹਾ ਕਿ ਉਹ ਈਦਗਾਹ ਜਾਵੇਗਾ। (ਕਿਰਿਆ ਚੁਣੋ)

(Z) ਉਹ ਹਰ ਸਮੇਂ ਗਿੱਦੜ-ਸਿੰਗੀ ਬਾਰੇ ਸੋਚਦਾ ਰਹਿੰਦਾ। (ਪੜਨਾਂਵ ਚੁਣੋ)

(AA) ਪੁਰਾਤਨ ਗ੍ਰੰਥਾਂ ਵਿੱਚ ਅਸੀਂ ਬਨਸਪਤੀ ਸੰਬੰਧੀ ਪੜ੍ਹਦੇ ਹਾਂ। (ਵਿਸ਼ੇਸ਼ਣ ਚੁਣੋ )

(BB) ਅੱਜ ਦੇ ਛੋਟੇ ਬੱਚੇ ਲਈ ਚਿੜੀ ਬੁਝਾਰਤ ਬਣ ਗਈ ਹੈ। (ਨਾਂਵ ਚੁਣੋ )

ਪ੍ਰਸ਼ਨ ਨੰ. 6: **(I)** ਨਿਮਨਲਿਖਿਤ ਕਿਸੇ ਪੰਜ ਸ਼ਬਦਾਂ/ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਇਹਨਾਂ ਦੇ ਅਰਥ ਸਪਸ਼ਟ ਹੋ ਜਾਣ :

ਖੁਸ਼ਹਾਲ, ਅਸਾਮੀ, ਨਿਸ਼ਾਨੇਬਾਜ਼, ਬਗ਼ਾਵਤ, ਬੇੜਾ ਪਾਰ ਕਰਨਾ,ਆਲ਼ਾ-ਦੁਆਲ਼ਾ, ਜ਼ੁੰਮੇਵਾਰੀ 5X1=5

(II) ਹੇਠ ਲਿਖਿਆਂ ਵਿੱਚੋਂ ਕਿਸੇ ਪੰਜ ਹਿੰਦੀ ਸ਼ਬਦਾਂ ਦੇ ਪੰਜਾਬੀ ਰੂਪ ਲਿਖੋ:

रोज़, धरती, मास्टर, मनुष्य, व्यक्तिगत, सभी, जन्म-दिन, अवकाश 5X1=5

Downloaded from cclchapter.com

(III) ਹੇਠ ਲਿਖਿਆਂ ਵਿੱਚੋਂ ਕਿਸੇ ਪੰਜ ਸ਼ਬਦਾਂ ਦੇ ਲਿੰਗ ਬਦਲ ਕੇ ਲਿਖੋ :

ਪਿਤਾ, ਦੋਸਤ, ਵਿਦਿਆਰਥੀ, ਅਧਿਆਪਕ, ਮੁੰਡਾ, ਸ੍ਰੀਮਾਨ, ਬੱਚਾ 5X1=5

(IV) ਹੇਠ ਲਿਖਿਆਂ ਵਿੱਚੋਂ ਕਿਸੇ ਪੰਜ ਸ਼ਬਦਾਂ ਦੇ ਵਚਨ ਬਦਲ ਕੇ ਲਿਖੋ :

ਗ਼ਰੀਬ, ਰੋਸ਼ਨੀ, ਪਹਾੜੇ, ਦੁਕਾਨ, ਠੰਢਾ, ਸੈਲਾਨੀ, ਸ਼ਾਖਾਵਾਂ, ਸਮੱਸਿਆਵਾਂ 5X1=5

ਪ੍ਰਸ਼ਨ ਨੰ. 7: ਨਿਮਨਲਿਖਿਤ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ 150 ਤੋਂ 200 ਸ਼ਬਦਾਂ ਦੀ ਲੇਖ-ਰਚਨਾ ਕਰੋ: 9X1=9

- ਸ੍ਰੀ ਗੁਰੂ ਨਾਨਕ ਦੇਵ ਜੀ
- ਵਿਸਾਖੀ ਦਾ ਮੇਲਾ
- ਦਿਵਾਲੀ
- ਰੁੱਖਾਂ ਦੇ ਲਾਭ

ਪ੍ਰਸ਼ਨ ਨੰ. 8: ਸਕੂਲ ਦੇ/ਦੀ ਮੁੱਖ-ਅਧਿਆਪਕ/ਮੁੱਖ-ਅਧਿਆਪਕਾ ਤੋਂ ਮੈਚ ਦੇਖਣ ਜਾਣ ਦੀ ਆਗਿਆ ਲੈਣ ਸੰਬੰਧੀ ਬਿਨੈ-ਪੱਤਰ ਲਿਖੋ

ਜਾਂ

ਆਪਣੇ ਪਿਤਾ ਜੀ ਨੂੰ ਆਪਣੀ ਸਲਾਨਾ ਪਰੀਖਿਆ ਬਾਰੇ ਜਾਣਕਾਰੀ ਦੇਣ ਲਈ ਪੱਤਰ 8X1=8

ਪ੍ਰਸ਼ਨ ਨੰ. 9: ਪੜਨਾਂਵ ਦੀ ਪਰਿਭਾਸ਼ਾ ਦਿਉ।

ਜਾਂ

ਕਿਰਿਆ ਕਿਸ ਨੂੰ ਆਖਦੇ ਹਨ। 4X1=4

ਪ੍ਰਸ਼ਨ ਨੰ. 10: **ਸੁੰਦਰ ਲਿਖਾਈ** **5**

Downloaded from cclchapter.com